# ਟੌਰਨੈਡੋ ਅਤੇ ਅਤਿ-ਤੇਜ਼ ਹਵਾਵਾਂ

## ਸੰਖੇਪ ਝਾਤ

ਰੁੱਤਾਂ ਨਾਲ ਆਉਂਦੇ ਮੌਸਮ ਜਿਵੇਂ ਕਿ ਹਵਾਵਾਂ, ਗੜੇ ਅਤੇ ਟੌਰਨੈਡੋ ਤੇਜ਼ੀ ਨਾਲ ਪੈਦਾ ਹੋ ਸਕਦੇ ਅਤੇ ਜੀਵਨ 'ਤੇ ਪ੍ਰਾਪਰਟੀ ਲਈ ਖਤਰਾ ਬਣ ਸਕਦੇ ਹਨ। ਅਤਿ-ਖਰਾਬ ਤੂਫਾਨ ਐਲਬਰਟਾ ਭਰ 'ਚ ਸਾਰੀਆਂ ਰੁੱਤਾਂ 'ਚ ਆ ਜਾਂਦੇ ਹਨ। ਇਹ ਜਾਣਨਾਂ ਮਹੱਤਵਪੂਰਨ ਹੈ ਕਿ ਜ਼ਿੰਦਗੀਆਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਲਈ ਕੀ ਕਰਨਾਂ ਹੈ।

## ਹਵਾਵਾਂ

ਐਲਬਰਟਾ ਦੇ ਬਹੁਤੇ ਹਿੱਸਿਆਂ 'ਚ ਜਦੋਂ ਹਵਾਵਾਂ ਦੇ 70 ਕਿ.ਮੀ./ਘੰਟਾ ਅਤੇ ਹਵਾਈ ਝੋਕਿਆਂ ਦੇ ਘੱਟੋ ਘੱਟ 90 ਕਿ.ਮੀ./ਘੰਟਾ ਦੀ ਰਫਤਾਰ ਤੱਕ ਪਹੁੰਚਣ ਦੀ ਆਸ ਹੁੰਦੀ ਹੈ ਤਾਂ ਵਿੰਡ ਵਾਰਨਿੰਗ ਜਾਰੀ ਕੀਤੀ ਜਾਂਦੀ ਹੈ।

### ਹਵਾ ਸਬੰਧੀ ਤੱਥ

- ਅਤਿ ਤੇਜ਼, ਜ਼ੋਰਦਾਰ ਜਾਂ ਝੋਕਿਆਂ ਵਾਲੀਆਂ ਹਵਾਵਾਂ ਸੱਟਾਂ ਜਾਂ ਪ੍ਰਾਪਰਟੀ ਦੇ ਨੁਕਸਾਨ ਦਾ ਕਾਰਨ ਬਣ ਸਕਦੀਆਂ ਹਨ।
- ਇਸ ਰਫਤਾਰ ਦੀਆਂ ਹਵਾਵਾਂ ਤੁਰਨ 'ਚ ਮੁਸ਼ਕਿਲ ਜਾਂ ਗੱਡੀ ਚਲਾਉਣ ਵੇਲੇ ਕੰਟਰੋਲ ਗੰਵਾ ਸਕਣ ਦਾ ਕਾਰਨ ਬਣ ਸਕਦੀਆਂ ਹਨ।

### ਹਵਾ ਵੇਲੇ ਬਚਾਅ ਦੇ ਨੁਕਤੇ

ਜੇਕਰ ਸੰਭਵ ਹੋਵੇ:

- ਆਪਣੀ ਪ੍ਰਾਪਰਟੀ ਦੇ ਆਲੇ-ਦੁਆਲਿਉਂ ਖੁੱਲ੍ਹੀਆਂ ਚੀਜ਼ਾਂ ਨੂੰ ਸਾਂਭ ਲਵੋ, ਕਿਉਂਕਿ ਉਹ ਤੇਜ਼ ਢੰਗ ਨਾਲ ਵੱਜਣ ਵਾਲੀਆਂ ਖਤਰਨਾਕ ਚੀਜ਼ਾਂ ਬਣ ਸਕਦੀਆਂ ਹਨ।
- ਆਪਣੇ ਮਾਲ ਡੰਗਰ ਨੂੰ ਸ਼ੈਲਟਰ 'ਚ ਵਾੜ ਲਵੋ।
- ਜਿੰਨਾਂ ਚਿਰ ਹਨੇਰੀ ਲੰਘ ਨਹੀਂ ਜਾਂਦੀ ਸ਼ੈਲਟਰ 'ਚ ਮੌਜੂਦ ਰੱਖੋ।

## ਟੌਰਨੈਡੋ

**ਟੌਰਨੈਡੋ** ਹਵਾ ਦਾ ਇਕ ਖਤਰਨਾਕ ਢੰਗ ਨਾਲ ਘੁੰਮਣ ਵਾਲਾ ਵਾਵਰੋਲਾ ਹੁੰਦਾ ਹੈ ਜੋ ਜ਼ਮੀਨ/ਤਲ ਤੋਂ ਲੈ ਕੇ ਉੱਪਰ ਗਰਜਵੇਂ ਬੱਦਲ ਤੱਕ ਜਾ ਮਿਲਦਾ ਹੈ।

### ਟਾਰਨੈਡੋ ਸਬੰਧੀ ਤੱਥ

- ਟੌਰਨੈਡੋ ਹਵਾਵਾਂ ਦੀ ਅਤਿ-ਤੇਜ਼ ਰਫਤਾਰ ਨਾਲ ਆ ਸਕਦੇ ਹਨ, ਵਿਰਲੇ ਕੇਸਾਂ 'ਚ ਇਹ ਰਫਤਾਰ 400 ਕਿ.ਮੀ./ਘੰਟਾ ਤੋਂ ਵੀ ਵੱਧ ਹੋ ਸਕਦੀ ਹੈ।
- ਬਹੁਤੇ ਟੌਰਨੈਡੋ ਲੇਟ ਬਾਦ ਦੁਪਹਿਰ ਅਤੇ ਅਗੇਤੀ ਸ਼ਾਮ ਨੂੰ ਆਉਂਦੇ ਹਨ।
- ਟੌਰਨੈਡੋ ਅਕਸਰ ਦੂਰੋਂ ਵੇਖ ਸਕਣੇ ਮੁਸ਼ਕਿਲ ਹੁੰਦੇ ਹਨ।
- ਟੌਰਨੈਡੋ ਅਸਕਰ ਦੱਖਣ ਜਾਂ ਪੱਛਮ ਵੱਲੋਂ ਆਉਂਦੇ ਹਨ ਪਰੰਤੂ ਇਹ ਕਿਸੇ ਵੀ ਪਾਸਿਉਂ ਆ ਸਕਦੇ ਹਨ ਅਤੇ ਝਟਪਟ ਦਿਸ਼ਾ ਬਦਲ ਸਕਦੇ ਹਨ।

### ਟੌਰਨੈਡੋ ਵੇਲੇ ਬਚਾਅ ਦੇ ਨੁਕਤੇ

- ਟੌਰਨੈਡੋ ਦੌਰਾਨ ਅਕਸਰ ਵੱਡੇ ਗੜੇ ਡਿੱਗਦੇ ਹਨ। ਜਦੋਂ ਗੜੇ ਸ਼ੁਰੂ ਹੋਣ ਆਪਣੇ ਆਪ ਨੂੰ ਢੱਕ ਲਵੋ ਅਤੇ ਬਾਹਰ ਨਾ ਨਿਕਲੋ।
- ਐਲਬਰਟਾ 'ਚ ਮਈ ਤੋਂ ਸਤੰਬਰ ਤੱਕ ਦਾ ਸਮਾਂ ਟੌਰਨੈਡੋ ਅਤੇ ਗੜਿਆਂ ਦਾ ਸਮਾਂ ਹੁੰਦਾ ਹੈ। ਅੱਧ ਜੂਨ ਤੋਂ ਅਗਸਤ ਸ਼ੁਰੂ ਸਿਖਰ ਦਾ ਸਮਾਂ ਹੈ।

ਪਤਾ ਰੱਖੋ ਕਿ ਕਿਸੇ ਐਮਰਜੈਂਸੀ ਦੌਰਾਨ ਤੁਹਾਡੀ ਕਮਿਊਨਿਟੀ ਕਿਹੜੀ ਥਾਂ 'ਤੇ ਜ਼ਰੂਰੀ ਜਾਣਕਾਰੀ ਅਤੇ ਅੱਪਡੇਟਾਂ ਪਾਵੇਗੀ, ਅਤੇ ਜ਼ਰੂਰੀ, ਜ਼ਿੰਦਗੀ-ਬਚਾਊ ਚਿਤਾਵਨੀਆਂ ਵਾਸਤੇ Alberta Emergency Alert ਐਪ ਡਾਊਨਲੋਡ ਕਰਨਾਂ ਯਕੀਨੀ ਬਣਾਉ।

## ਵਿੱਤੀ ਤਿਆਰੀ

- ਆਪਣੀਆਂ ਵਿਸ਼ੇਸ਼ ਜ਼ਰੂਰਤਾਂ ਬਾਰੇ ਕਿਸੇ ਇੰਸ਼ੋਰੈਂਸ ਏਜੰਟ ਨਾਲ ਗੱਲ ਕਰੋ।
- ਆਪਣੀ ਇੰਸ਼ੋਰੈਂਸ ਪਾਲਿਸੀ ਬਾਰੇ ਜਾਣੋ। ਯਕੀਨੀ ਬਣਾਉ ਕਿ ਤੁਹਾਡਾ ਘਰ, ਗੱਡੀ, ਬਿਜ਼ਨਸ ਅਤੇ ਸਮਾਨ ਸੁਰੱਖਿਅਤ ਕੀਤੇ ਹੋਏ ਹਨ।
- ਜੇਕਰ ਸੰਭਵ ਹੋਵੇ ਤਾਂ ਇਕ ਐਮਰਜੈਂਸੀ ਸੇਵਿੰਗ ਅਕਾਊਂਟ ਰੱਖੋ ਜਿਸ ਵਿਚੋਂ ਟੈਂਪਰੇਰੀ ਖਰਚੇ ਕੀਤੇ ਜਾ ਸਕਦੇ ਹੋਣ, ਜਦੋਂ ਤੁਸੀਂ ਆਪਣੇ ਘਰ 'ਚੋਂ ਬਾਹਰ ਹੋਵੋਗੇ।
- ਜੇਕਰ ਤੁਸੀਂ ਕਰ ਸਕਦੇ ਹੋਵੋ ਤਾਂ ਐਮਰਜੈਂਸੀ ਲਈ ਕੁਝ ਨਕਦੀ ਕੋਲ ਰੱਖੋ, ਕਿਸੇ ਹਾਲਤ 'ਚ ਜੇਕਰ ਬੈਂਕ ਸੇਵਾਵਾਂ ਉਪਲਬਧ ਨਾ ਹੋਣ।
- ਜੇਕਰ ਤੁਹਾਨੂੰ ਘਰੋਂ ਬਾਹਰ ਕੱਢ ਲਿਆ ਗਿਆ ਹੈ ਤਾਂ ਸਾਰੇ ਵਧੀਕ ਖਰਚਿਆਂ ਦੀਆਂ ਰਸੀਦਾਂ ਸੰਭਾਲ ਕੇ ਰੱਖੋ।
- ਆਪਣੇ ਸਾਰੇ ਸਮਾਨ ਦੀ ਇਕ ਵਿਸਤ੍ਰਿਤ ਲਿਸਟ ਤਿਆਰ ਕਰੋ।
- ਹੋਮ ਇੰਸ਼ੋਰੈਂਸ ਦਾ ਕਲੇਮ ਕਰਨ ਵਾਸਤੇ 7 ਪੜਾਵਾਂ ਨੂੰ ਜਾਣੋ।

ਇੰਸ਼ੋਰੈਂਸ ਬਿਊਰੋ ਆਫ ਕੈਨੇਡਾ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਹੈ। ਉਨ੍ਹਾਂ ਨਾਲ askibcwest@ibc.ca 'ਤੇ ਈਮੇਲ ਰਾਹੀਂ ਜਾਂ 1-844-227-5422 'ਤੇ ਫੋਨ ਕਰਕੇ ਸੰਪਰਕ ਕਰੋ। ਇੰਸ਼ੋਰੈਂਸ ਤਿਆਰੀ ਬਾਰੇ ਵਧੇਰੇ ਜਾਣਕਾਰੀ ਲਈ ibc.ca. ਵੇਖੋ।



ਕਾਪੀਰਾਈਟ 2021 ਗਵਰਨਮੈਂਟ ਆਫ ਐਲਬਰਟਾ | ਮਈ 2021 | ਮਿਊਂਸਿਪਲ ਅਫੇਅਰਜ਼
Classification: Public – Punjabi

**ਅਤਿ-ਤੇਜ਼ ਹਵਾਵਾਂ 'ਚ ਪਨਾਹ ਲੈਣਾ**

ਤੁਸੀਂ ਜਿਸ ਤਰ੍ਹਾਂ ਦੀ ਬਿਲਡਿੰਗ 'ਚ ਹੋ, ਉਸ 'ਤੇ ਨਿਰਭਰ ਕਰਦਿਆਂ, ਆਪਣੇ ਆਪ ਨੂੰ ਅਤਿ-ਤੇਜ਼ ਹਵਾਵਾਂ (90 ਕਿ.ਮੀ./ਘੰਟਾ ਜਾਂ ਵਧੇਰੇ) ਤੋਂ ਕਿਵੇਂ ਬਚਾਉਣਾ ਹੈ।

| ਬਣਤ | **ਸੁਰੱਖਿਆ ਨੁਕਤੇ** |
|---|---|
| ਸਾਰੇ ਮਾਮਲਿਆਂ 'ਚ | • ਥੱਲੇ ਆ ਜਾਉ, ਆਪਣਾ ਸਿਰ ਬਚਾਉ ਅਤੇ ਉੱਡਦੇ ਮਲਬੇ ਦਾ ਧਿਆਨ ਰੱਖੋ।<br>• ਟਾਰਨੈਡੋ ਦੇ ਮਗਰ ਨਾ ਭੱਜੋ। ਉਹ ਅਣ-ਕਿਆਸੇ ਹੁੰਦੇ ਹਨ ਅਤੇ ਇਕ ਦਮ ਆਪਣਾ ਰਸਤਾ ਬਦਲ ਸਕਦੇ ਹਨ।<br>• ਟਾਰਨੈਡੋ ਭੁਲੇਖਾ-ਪਾਊ ਹੁੰਦਾ ਹੈ, ਇਹ ਖੜਾ ਜਾਪ ਸਕਦਾ ਹੈ, ਜਦੋਂ ਕਿ ਇਹ ਤੁਹਾਡੇ ਵੱਲ ਆਉਂਦਾ ਹੁੰਦਾ ਹੈ।<br>• ਇਹ ਵੇਖਣ ਲਈ ਰੇਡੀਉ ਚਲਾ ਕੇ ਰੱਖੋ ਕਿ ਕਿਹੜੇ ਏਰੀਏ ਪ੍ਰਭਾਵਤ ਹਨ, ਕਿਹੜੀਆਂ ਸੜਕਾਂ ਸੁਰੱਖਿਅਤ ਹਨ, ਕਿੱਥੇ ਜਾਣਾ ਹੈ ਅਤੇ ਕੀ ਕਰਨਾ ਹੈ, ਜੇਕਰ ਸਥਾਨ ਖਾਲੀ ਕਰਨ ਦੇ ਨਿਰਦੇਸ਼ ਜਾਰੀ ਹੁੰਦੇ ਹਨ।<br>• ਆਪਣੀ ਐਮਰਜੈਂਸੀ ਕਿੱਟ ਨੇੜੇ ਰੱਖੋ।<br>• ਅਧਿਕਾਰੀਆਂ ਵੱਲੋਂ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰੋ। ਯਾਦ ਰੱਖੋ, ਕਿਸੇ ਹੁਕਮ ਨੂੰ ਨਾ ਮੰਨਣਾ ਤੁਹਾਡੀ ਜ਼ਿੰਦਗੀ ਨੂੰ ਖਤਰੇ 'ਚ ਪਾ ਸਕਦਾ ਹੈ। |
| ਅਣ-ਜੁੜੇ ਘਰ | • ਜੇਕਰ ਉਪਲਬਧ ਹੋਵੇ ਤਾਂ ਬੇਸਮੈਂਟ 'ਚ ਜਾਂ ਅੰਡਰਗਰਾਉਂਡ ਪਨਾਹ 'ਚ ਚਲੇ ਜਾਉ।<br>• ਨਹੀਂ ਤਾਂ, ਗਰਾਉਂਡ ਫਲੋਰ 'ਤੇ ਅੰਦਰ ਵਾਲੇ ਕਿਸੇ ਛੋਟੇ ਜਿਹੇ ਥਾਂ 'ਚ ਪਨਾਹ ਲੈ ਲਉ ਜਿਵੇਂ ਬਾਥਰੂਮ, ਕਲਾਜ਼ਿਟ ਜਾਂ ਹਾਲਵੇਅ।<br>• ਯਕੀਨੀ ਬਣਾਉ ਕਿ ਖਿੜਕੀਆਂ ਅਤੇ ਦਰਵਾਜ਼ੇ ਬੰਦ ਅਤੇ ਸੁਰੱਖਿਅਤ ਹਨ, ਫਿਰ ਉਨ੍ਹਾਂ ਤੋਂ ਪਰ੍ਹੇ ਹੋ ਜਾਉ। |
| ਫਾਰਮ | • ਉੱਪਰ ਦੱਸੇ ਵਾਂਗ ਹੀ ਆਪਣੇ ਘਰ ਪਨਾਹ ਲਉ। ਆਪਣੇ ਮਾਲ ਡੰਗਰ ਨੂੰ ਬਚਾਉਣ ਦੀ ਕੋਸ਼ਿਸ਼ ਨਾ ਕਰੋ, ਜਦ ਤਕ ਤੁਸੀਂ ਇਹ ਨਹੀਂ ਮਹਿਸੂਸ ਕਰਦੇ ਕਿ ਇੰਜ ਕਰਨਾਂ ਸੁਰੱਖਿਅਤ ਹੈ। |
| ਦਫਤਰ ਜਾਂ ਅਪਾਰਟਮੈਂਟ | • ਕਿਸੇ ਅੰਦਰ ਵਾਲੇ ਹਾਲਵੇਅ ਜਾਂ ਕਮਰੇ 'ਚ ਪਨਾਹ ਲਉ, ਚੰਗਾ ਹੋਵੇਗਾ ਜੇਕਰ ਬੇਸਮੈਂਟ ਜਾਂ ਗਰਾਉਂਡ ਫਲੋਰ ਹੋਵੇ।<br>• ਐਲੀਵੇਟਰ ਦੀ ਵਰਤੋਂ ਨਾ ਕਰੋ। ਖਿੜਕੀਆਂ ਤੋਂ ਪਰ੍ਹਾਂ ਰਹੋ। |
| ਵੱਡੀਆਂ ਬਿਲਡਿੰਗਾਂ | • ਬਿਲਡਿੰਗਾਂ, ਜਿਵੇਂ ਕਿ ਐਰੀਨੇ ਜਾਂ ਸ਼ਾਪਿੰਗ ਮਾਲਾਂ ਢਹਿ ਸਕਦੀਆਂ ਹਨ, ਜੇਕਰ ਟਾਰਨੈਡੋ ਟਕਰਾਉਂਦਾ ਹੈ।<br>• ਜੇਕਰ ਸੰਭਵ ਹੋਵੇ ਤਾਂ ਕਿਸੇ ਦੂਸਰੀ ਬਿਲਡਿੰਗ 'ਚ ਪਨਾਹ ਲਉ।<br>• ਜੇਕਰ ਅੰਦਰ ਫਸ ਜਾਉ, ਤਾਂ ਕਿਸੇ ਮਜ਼ਬੂਤ ਚੀਜ਼ ਥੱਲੇ ਵੜ ਜਾਉ, ਜਿਵੇਂ ਕਿ ਮੇਜ਼ ਜਾਂ ਡੈਸਕ। |
| ਮੋਬਾਈਲ ਹੋਮ ਜਾਂ ਵਾਹਨ | • ਟੌਰਨੈਡੋ ਜਾਂ ਕਿਸੇ ਅਤਿ-ਤੇਜ਼ ਹਵਾ ਦੀ ਹਨੇਰੀ ਵੇਲੇ ਮੋਬਾਈਲ ਹੋਮ ਜਾਂ ਵਾਹਨ ਸੁਰੱਖਿਅਤ ਨਹੀਂ ਹਨ।<br>• ਟੌਰਨੈਡੋ ਨਾਲ ਸਬੰਧਤ ਅੱਧਿਉਂ ਵੱਧ ਮੌਤਾਂ ਮੋਬਾਈਲ ਹੋਮਾਂ ਜਾਂ ਵਾਹਨਾਂ ਦੇ ਅੰਦਰ ਜਾਂ ਨੇੜੇ ਹੁੰਦੀਆਂ ਹਨ।<br>• ਝਟਪਟ ਕਿਸੇ ਮਜ਼ਬੂਤ ਬਿਲਡਿੰਗ 'ਚ ਪਨਾਹ ਲਉ।<br>• ਯਕੀਨੀ ਬਣਾਉ ਕਿ ਤੁਹਾਡੀ ਐਮਰਜੈਂਸੀ ਯੋਜਨਾਂ 'ਚ ਨੇੜੇ ਦੀ ਕੋਈ ਸੁਰੱਖਿਅਤ ਜਗਾਹ ਸ਼ਾਮਲ ਹੋਵੇ, ਜਿੱਥੇ ਆਪਣਾ ਸਥਾਨ ਖਾਲੀ ਕਰਨ ਉਪਰੰਤ ਤੁਸੀਂ ਵੜ ਸਕਦੇ ਹੋਵੋ। |
| ਡਰਾਈਵਿੰਗ | • ਜੇਕਰ ਕਿਸੇ ਪੇਂਡੂ ਏਰੀਏ 'ਚ ਹੋ ਅਤੇ ਖਤਰਾ ਸਾਹਮਣਾ ਦਿੱਸਦਾ ਹੈ, ਤਾਂ ਤੁਸੀਂ ਟੌਰਨੈਡੋ ਦੇ ਰਸਤੇ ਤੋਂ ਪਰ੍ਹੇ ਨੂੰ ਸਹੀ ਕੋਣ 'ਤੇ ਮੁੜਨ ਨਾਲ ਆਪਣਾ ਬਚਾਅ ਕਰ ਸਕਦੇ ਹੋ। ਨਹੀਂ ਤਾਂ ਝਟਪਟ ਕੋਈ ਮਜ਼ਬੂਤ ਪਨਾਂਹ ਲੱਭੋ।<br>• ਜੇਕਰ ਖਤਰਾ ਨੇੜੇ ਹੈ ਅਤੇ ਕੋਈ ਪਨਾਂਹ ਉਪਲਬਧ ਨਹੀਂ ਤਾਂ ਆਪਣੀ ਕਾਰ 'ਚੋਂ ਬਾਹਰ ਨਿਕਲ ਆਉ ਅਤੇ ਕਿਸੇ ਨੀਵੇਂ ਥਾਂ, ਜਿੱਥੇ ਕੋਈ ਖਾਲ਼ੀ, 'ਚ ਲੁਕ ਜਾਉ, ਪਰੰਤੂ ਹੜ੍ਹ ਦਾ ਧਿਆਨ ਰੱਖਣਾ।<br>• ਕਿਸੇ ਨੇੜਲੇ ਟੌਰਨੈਡੋ ਨੂੰ ਕਦੀ ਵੀ ਉਲਟ ਪੁਲਟ ਕਰਨ ਦੀ ਕੋਸ਼ਿਸ਼ ਨਾ ਕਰੋ।<br>• ਕਦੀ ਵੀ ਪੁਲਾਂ ਜਾਂ ਸਿਰ ਉਪਰੋਂ ਲੰਘਦੇ ਰਸਤਿਆਂ ਹੇਠਾਂ ਨਾ ਲੁਕੋ। |

## ਵਧੇਰੇ ਜਾਣਕਾਰੀ ਲਈ

ਹੇਠ ਲਿਖਿਆਂ ਬਾਰੇ ਸਾਡੀਆਂ ਹੋਰ ਤੱਥ ਸ਼ੀਟਾਂ ਪੜ੍ਹੋ:

- ਬਰਫੀਲੇ ਤੂਫਾਨ, ਬਰਫੀਲੀ ਬਾਰਸ਼ ਅਤੇ ਬਰਫ-ਜਮਾਊ ਹਨੇਰੀਆਂ,
- ਗਰਜਵੇਂ ਤੂਫਾਨ,ਅਸਮਾਨੀ ਬਿਜਲੀ,ਅਤੇ ਗੜ੍ਹੇ
- ਅਤਿ-ਖਰਾਬ ਮੌਸਮ

ਤੁਸੀਂ ਤਿਆਰੀ ਬਾਰੇ ਵਧੇਰੇ ਜਾਣਕਾਰੀ **Alberta.ca** ਅਤੇ **Environment and Climate Change Canada**ਤੋਂ ਲੈ ਸਕਦੇ ਹੋ।

**ਤਿਆਰ ਹੋਵੋ:**alberta.ca/emergency-preparedness.aspx

ਕਾਪੀਰਾਈਟ 2021 ਗਵਰਨਮੈਂਟ ਆਫ ਐਲਬਰਟਾ | ਮਈ 2021 | ਮਿਊਂਸਿਪਲ ਅਫੇਅਰਜ਼

Classification: Public – Punjabi